ਨੰ: 6/30/2015-ਰਸ1/686830/1

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫ਼ਸਰ (ਸਿਵਲ)।

ਮਿਤੀ, ਚੰਡੀਗੜ੍ਹ:10-02-2016

ਵਿਸ਼ਾ:- Clarification regarding reservation to SC employees in group A, B, C and D services after revision of pay band/grade pay.

*****

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵੱਖ ਵੱਖ ਜੱਥੇਬੰਦੀਆਂ/ਫੈਡਰੇਸ਼ਨਾਂ ਅਤੇ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਕਆਂ/ਕਰਚਮਾਰੀਆਂ ਵੱਲੋਂ ਭਲਾਈ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਵਿਭਾਗਾਂ/ਅਦਾਰਿਆਂ ਵੱਲੋਂ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ: 17/22/12-1ਪੀ.ਪੀ.1/836 ਮਿਤੀ 29.09.2014 ਦੀ ਅਜੇ ਵੀ ਪਾਲਣਾ ਨਹੀਂ ਕੀਤੀ ਜਾ ਰਹੀ।

3. ਇਸ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ, ਕੁਝ ਕੈਟਾਗਰੀਜ਼ ਦੇ ਅਧਿਕਾਰੀ/ਕਰਮਚਾਰੀ, ਗਰੁੱਪ-ਸੀ ਤੋਂ ਗਰੁੱਪ-ਬੀ ਵਿੱਚ ਤਬਦੀਲ ਹੋ ਗਏ ਸਨ। ਨਤੀਜ਼ੇ ਵਜੋਂ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਦਾ ਰਾਖਵਾਂਕਰਨ 20% ਤੋਂ ਘਟ ਕੇ 14% ਰਹਿ ਗਿਆ ਸੀ, ਜਦ ਕਿ The Punjab Scheduled Castes & Backward Classes (Reservaton in Services) Act, 2006 ਦੀ ਧਾਰਾ 4(3) ਅਤੇ 4(4) ਅਨੁਸਾਰ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਗਰੁੱਪ-ਏ ਅਤੇ ਗਰੁੱਪ-ਬੀ ਵਿੱਚ 14% ਅਤੇ ਗਰੁੱਪ-ਸੀ ਅਤੇ ਗਰੁੱਪ-ਡੀ ਵਿੱਚ 20% ਰਾਖਵੇਂਕਰਨ ਦਾ ਉਪਬੰਧ ਹੈ। ਪਰੰਤੂ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਸਨਮੁੱਖ, ਕੁਝ ਕੈਟਾਗਰੀਜ਼ ਦੇ ਅਧਿਕਾਰੀ/ਕੇਰਮਚਾਰੀ, ਗਰੁੱਪ-ਸੀ ਤੋਂ ਗਰੁੱਪ ਬੀ ਵਿੱਚ ਤਬਦੀਲ ਹੋ ਜਾਣ ਕਾਰਨ ਅਨੁਸੂਚਿਤ ਜਾਤੀਆਂ ਦੇ ਅਧਿਕਾਰੀ/ਕਰਮਚਾਰੀਆਂ ਦਾ ਰਾਖਵਾਂਕਰਨ 20% ਤੋਂ ਘਟ ਕੇ 14% ਰਹਿ ਗਿਆ ਹੈ। ਨਤੀਜ਼ੇ ਵਜੋਂ ਉਨ੍ਹਾਂ ਨੂੰ ਉਹਨਾਂ ਦਾ ਬਣਦਾ ਹੱਕ ਨਹੀਂ ਮਿਲ ਰਿਹਾ।

4. ਇਸ ਵਿਸ਼ੇ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਪੱਤਰ ਨੰ: 17/22/12-1ਪੀ.ਪੀ.1/836

10/2/2016

ਮਿਤੀ 29.09.2014 ਰਾਹੀਂ ਜ਼ਾਰੀ ਹਦਾਇਤਾਂ ਵਿੱਚ ਹੇਠ ਅਨੁਸਾਰ ਸਪਸ਼ਟੀਕਰਨ ਜ਼ਾਰੀ ਕੀਤਾ ਗਿਆ ਹੈ:-

"ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਦੀਆਂ ਹਦਾਇਤਾਂ ਨੰ: 4/46/09-1ਪੀ.ਪੀ.1/10828, ਮਿਤੀ 13 ਅਕਤੂਬਰ, 2009 ਵੱਲ ਦਿਵਾਉਣ ਅਤੇ ਇਹ ਲਿਖਣਦੀ ਹਦਾਇਤ ਹੋਈ ਹੈ ਕਿ ਸਰਕਾਰ ਵੱਲੋਂ ਵਿਚਾਰ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਵਿੱਤ ਵਿਭਾਗ ਦੇ ਨੋਟੀਫੀਕੇਸ਼ਨ ਨੰ: 5/10/09-5ਐਫ.ਪੀ.1/207, ਮਿਤੀ 27 ਮਈ, 2009 (ਪੰਜਾਬ ਸਿਵਲ ਸੇਵਾਵਾਂ(ਸੋਧੇ ਤਨਖਾਹ) ਨਿਯਮ, 2009) ਰਾਹੀਂ ਲਾਗੂ ਕੀਤੀ ਗਈ ਸੇਵਾਵਾਂ ਦੀ ਗਰੁਪਿੰਗ ਹੁਣ ਵੀ ਉਸੇ ਤਰ੍ਹਾਂ ਹੀ ਲਾਗੂ ਰਹੇਗੀ। ਇਸ ਨੋਟੀਫੀਕੇਸ਼ਨ ਦੇ ਜਾਰੀ ਹੋਣ ਤੋਂ ਬਾਦ ਭਾਵੇਂ ਸਰਕਾਰ ਵੱਲੋਂ ਕੁੱਝ ਕੈਟਾਗਰੀਜ਼/ਅਸਾਮੀਆਂ ਦੇ ਪੇ ਬੈਂਡ/ਗਰੇਡ ਪੇਅ ਵਿਚ ਮੁੜ ਸੋਧ ਕੀਤੀ ਗਈ ਹੈ ਪਰੰਤੂ ਉਨ੍ਹਾਂ ਸੇਵਾਵਾਂ/ਅਸਾਮੀਆਂ ਦੇ ਸੋਧੇ ਪੇ ਬੈਂਡ / ਗਰੇਡ ਪੇਅ ਕਰਕੇ ਉਨ੍ਹਾਂ ਦੀ ਗਰੁਪਿਗ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

2. ਇਹ ਪੱਤਰ ਮਿਸਲ ਨੰ: 14/12/2013-3ਪੀ.ਪੀ.3 ਤੇ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਮਿਤੀ 03.07.2013 ਅਨੁਸਾਰ ਜ਼ਾਰੀ ਕੀਤਾ ਜਾਂਦਾ ਹੈ।"

5. ਉਪਰੋਕਤ ਦਰਸਾਈ ਸਥਿਤੀ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਸੋਨਲ ਵਿਭਾਗ ਵੱਲੋਂ ਵਿਸ਼ੇ ਸਬੰਧੀ ਜ਼ਾਰੀ ਹਦਾਇਤਾਂ ਮਿਤੀ 29.09.2014 ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਭਵਿੱਖ ਵਿੱਚ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਉਹਨਾਂ ਦਾ ਬਣਦਾ ਹੱਕ ਮਿਲ ਸਕੇ।

(ਕਿਰਪਾ ਸ਼ੰਕਰ ਸਰੋਜ਼)
ਸਕੱਤਰ ਭਲਾਈ 10/2/2016

ਇਸ ਦਾ ਇੱਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰਾਂ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਭਲਾਈ
10/2/2016

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ:6/30/2015-ਰਸ1/68683/2 ਮਿਤੀ, ਚੰਡੀਗੜ੍ਹ: 10-02-2016